ਪੁਸਤਕ III

ਬੱਚਿਆਂ ਦੇ ਅਧਿਕਾਰ

# ਸਭ ਤੋਂ ਵਧੀਆ ਹਿੱਤਾਂ ਦਾ ਮੁਲਾਂਕਣ ਕੀ ਹੈ?



# ਸੁਆਗਤ ਹੈ!

## ਇਹ ਕਹਾਣੀ ਚਾਰ ਨੌਜਵਾਨਾਂ ਬਾਰੇ ਹੈ — ਬਿਲਕੁਲ ਤੁਹਾਡੇ ਵਾਂਗ।

ਉਹ ਇੱਕ ਲੰਬੀ ਯਾਤਰਾ ਤੋਂ ਬਾਅਦ ਯੂਰਪ ਵਿੱਚ ਸੁਰੱਖਿਅਤ ਪਹੁੰਚ ਗਏ ਹਨ।
ਕੁਝ ਨੌਜਵਾਨ ਇਕੱਲੇ ਪਹੁੰਚੇ। ਉਨ੍ਹਾਂ ਵਿੱਚੋਂ ਕੁਝ ਪਰਿਵਾਰ ਨਾਲ ਪਹੁੰਚੇ।
ਉਨ੍ਹਾਂ ਦੇ ਬਹੁਤ ਸਾਰੇ ਸਵਾਲ ਹਨ — ਅਤੇ ਉਹਨਾਂ ਦੀ ਮਦਦ ਉਹਨਾਂ ਲੋਕਾਂ ਦੁਆਰਾ ਕੀਤੀ ਜਾਂਦੀ ਹੈ ਜੋ ਉੱਥੇ ਕੰਮ ਕਰਦੇ ਹਨ ਜਿੱਥੇ ਉਹ ਰਹਿੰਦੇ ਹਨ।

## ਇਹ ਕਹਾਣੀ ਤੁਹਾਡੀ ਮਦਦ ਵੀ ਕਰ ਸਕਦੀ ਹੈ!

### ਤੁਹਾਨੂੰ ਸਿੱਖਣ ਨੂੰ ਮਿਲੇਗਾ:

- **ਸਭ ਤੋਂ ਵਧੀਆ ਹਿੱਤਾਂ ਦੇ ਮੁਲਾਂਕਣ** ਦਾ ਅਰਥ ਕੀ ਹੈ
- ਕੀ ਉਮੀਦ ਕਰਨੀ ਹੈ
- ਤੁਹਾਡੇ ਲਈ ਭਾਗ ਲੈਣਾ ਅਤੇ ਅਫ਼ਸਰਾਂ ਨਾਲ ਕੰਮ ਕਰਨਾ ਕਿਉਂ ਜ਼ਰੂਰੀ ਹੈ
- ਤੁਹਾਡੀ ਮਦਦ ਕੌਣ ਕਰ ਸਕਦਾ ਹੈ
- ਤੁਹਾਡੇ ਅਧਿਕਾਰਾਂ ਬਾਰੇ

### ਤੁਸੀਂ ਇਹ ਕਹਾਣੀ ਪੜ੍ਹ ਸਕਦੇ ਹੋ:

- ਇਕੱਲਾ
- ਇੱਕ ਦੋਸਤ ਦੇ ਨਾਲ
- ਕੰਮ ਕਰਨ ਵਾਲੇ ਕਿਸੇ ਵਿਅਕਤੀ ਦੇ ਨਾਲ

## ਆਪਣੇ ਅਨੁਸਾਰ ਸਮਾਂ ਲਓ। ਰੁਕਣਾ ਅਤੇ ਬਾਅਦ ਵਿੱਚ ਇਸ 'ਤੇ ਵਾਪਸ ਆਉਣਾ ਠੀਕ ਹੈ।

ਜੇਕਰ ਕੁਝ ਸਮਝਣਾ ਔਖਾ ਹੈ, **ਤਾਂ ਕਿਸੇ ਨੂੰ ਤੁਹਾਨੂੰ ਸਮਝਾਉਣ ਲਈ ਕਹੋ।**
ਤੁਹਾਡਾ ਸਰਪ੍ਰਸਤ, ਸੋਸ਼ਲ ਵਰਕਰ ਜਾਂ ਵਕੀਲ ਤੁਹਾਡੀ ਮਦਦ ਕਰ ਸਕਦੇ ਹਨ।

### ਅੰਤ ਵਿੱਚ, ਤੁਹਾਨੂੰ ਇਹ ਮਿਲੇਗਾ:

- ਸਥਾਨਕ ਜਾਣਕਾਰੀ ਵਾਲਾ ਇੱਕ ਪੰਨਾ
- ਇੱਕ ਮਜ਼ੇਦਾਰ ਪ੍ਰਸ਼ਨਾਵਲੀ
- ਆਪਣੇ ਖੁਦ ਦੇ ਸਵਾਲ ਲਿਖਣ ਅਤੇ ਉਪਯੋਗੀ ਸੰਪਰਕ ਲਿਖਣ ਲਈ ਜਗ੍ਹਾ

**18 ਸਾਲ ਤੋਂ ਘੱਟ ਉਮਰ ਦੇ ਲੋਕਾਂ ਲਈ ਜੋ ਇਕੱਲੇ ਆਉਂਦੇ ਹਨ,** ਇੱਕ ਸਰਪ੍ਰਸਤ ਨਿਯੁਕਤ ਕੀਤਾ ਜਾਵੇਗਾ। ਕੁਝ ਦੇਸ਼ਾਂ ਵਿੱਚ, ਸਰਪ੍ਰਸਤ ਨੂੰ ਪ੍ਰਤੀਨਿਧੀ ਵੀ ਕਿਹਾ ਜਾਂਦਾ ਹੈ।


ਨਾਲ ਹੀ, ਕੁਝ ਦੇਸ਼ਾਂ ਵਿੱਚ, **ਸ਼ਰਣ ਮੰਗਣ ਨੂੰ ਅੰਤਰਰਾਸ਼ਟਰੀ ਸੁਰੱਖਿਆ ਦੀ ਮੰਗ ਕਰਨਾ ਕਿਹਾ ਜਾਂਦਾ ਹੈ।**


ਅੰਤ ਵਿੱਚ, ਧਿਆਨ ਰੱਖੋ ਕਿ ਰਿਸੈਪਸ਼ਨ ਸਹੂਲਤਾਂ 'ਤੇ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸੇਵਾਵਾਂ ਮੁਫ਼ਤ ਹਨ ਜਿੱਥੇ ਤੁਸੀਂ ਰਹਿ ਰਹੇ ਹੋ। ਜੇਕਰ ਕੋਈ ਸਟਾਫ ਮੈਂਬਰ ਤੁਹਾਡੇ ਤੋਂ ਪੈਸੇ ਮੰਗਦਾ ਹੈ, ਤਾਂ ਕਿਸੇ ਭਰੋਸੇਮੰਦ ਅਧਿਕਾਰੀ ਜਾਂ ਆਪਣੇ ਸਰਪ੍ਰਸਤ ਨਾਲ ਗੱਲ ਕਰੋ।

# **ਇਸ ਕਹਾਣੀ ਵਿੱਚ**
# ਪਾਤਰਾਂ ਨਾਲ ਮਿਲੋ

## ਮੁਹੰਮਦ

ਮੈਂ 17 ਸਾਲ ਦਾ ਹਾਂ। ਮੈਂ ਜ਼ਿਆਦਾਤਰ ਸਮਾਂ ਖੁਸ਼ ਰਹਿੰਦਾ ਹਾਂ। ਮੈਨੂੰ ਜਦੋਂ ਵੀ ਹੋ ਸਕੇ ਆਪਣੇ ਦੋਸਤਾਂ ਅਤੇ ਪਰਿਵਾਰ ਦੀ ਮਦਦ ਕਰਨਾ ਪਸੰਦ ਹੈ।
ਮੈਂ ਕੁਝ ਹਫ਼ਤੇ ਪਹਿਲਾਂ ਇਕੱਲਾ ਆਇਆ ਸੀ ਅਤੇ ਮੈਂ ਆਪਣੇ ਦਾਦਾ ਜੀ ਨੂੰ ਖੋਜ ਰਿਹਾ ਹਾਂ। ਮੈਂ ਕੰਮ ਸ਼ੁਰੂ ਕਰਨ ਲਈ ਉਤਸੁਕ ਹਾਂ।





## ਅਹਿਮਦ


ਮੇਰੀ ਉਮਰ 15 ਸਾਲ ਹੈ। ਮੈਂ ਆਪਣੀ ਵੱਡੀ ਭੈਣ ਜੈਸਮੀਨ ਨਾਲ ਆਇਆ ਸੀ, ਜੋ ਸਾਡੀ ਮਾਂ ਦੀ ਮੌਤ ਤੋਂ ਬਾਅਦ ਮੇਰੀ ਦੇਖਭਾਲ ਕਰਦੀ ਹੈ। ਮੈਨੂੰ ਘੁੰਮਣਾ ਅਤੇ ਨਵੇਂ ਦੋਸਤ ਬਣਾਉਣਾ ਪਸੰਦ ਹੈ। ਮੈਂ ਸੱਚਮੁੱਚ ਜਿੰਨੀ ਜਲਦੀ ਹੋ ਸਕੇ ਸਕੂਲ ਵਾਪਸ ਜਾਣਾ ਚਾਹੁੰਦਾ ਹਾਂ। ਇਸ ਸਮੇਂ, ਮੈਂ ਇੱਥੇ ਸਥਾਨਕ ਭਾਸ਼ਾ ਸਿੱਖ ਰਿਹਾ ਹਾਂ।

## ਜੈਸਮੀਨ


ਮੇਰੀ ਉਮਰ 24 ਸਾਲ ਹੈ। ਮੈਂ ਆਪਣੇ ਭਰਾ ਅਹਿਮਦ ਨਾਲ ਆਈ ਸੀ, ਜਿਸਦੀ ਮੈਂ ਜਿੰਨਾ ਹੋ ਸਕੇ ਦੇਖਭਾਲ ਕਰਦੀ ਹਾਂ। ਅਸੀਂ ਹਾਲ ਹੀ ਵਿੱਚ ਆਏ ਹਾਂ ਅਤੇ ਆਪਣੇ ਚਾਚੇ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੇ ਹਾਂ ਜੋ ਕੁਝ ਸਮੇਂ ਤੋਂ ਯੂਰਪ ਵਿੱਚ ਰਹਿ ਰਿਹਾ ਹੈ। ਮੈਨੂੰ ਖੇਡਾਂ ਪਸੰਦ ਹਨ ਅਤੇ ਮੈਂ ਫੁੱਟਬਾਲ ਖੇਡਣ ਵਿੱਚ ਬਹੁਤ ਵਧੀਆ ਹਾਂ।



## ਐਡਮ



ਮੇਰੀ ਉਮਰ 9 ਸਾਲ ਹੈ। ਮੈਂ ਇੱਥੇ ਆਪਣੇ ਆਪ ਆਇਆ ਹਾਂ। ਹੁਣ ਲਈ, ਮੈਂ ਨਾ ਬੋਲਣ ਦਾ ਫੈਸਲਾ ਕੀਤਾ ਹੈ। ਇੱਥੇ ਪਹੁੰਚਣ ਤੋਂ ਪਹਿਲਾਂ ਮੈਂ ਬਹੁਤ ਸਾਰੀਆਂ ਬੁਰੀਆਂ ਚੀਜ਼ਾਂ ਦਾ ਅਨੁਭਵ ਕੀਤਾ। ਮੈਨੂੰ ਦੁਬਾਰਾ ਗੱਲ ਕਰਨ ਤੋਂ ਪਹਿਲਾਂ ਕੁਝ ਸਮਾਂ ਚਾਹੀਦਾ ਹੈ। ਪਰ ਮੈਂ ਸਮਝਦਾਰ ਹਾਂ ਅਤੇ ਮੈਂ ਸਭ ਕੁਝ ਸਮਝਦਾ ਹਾਂ। ਮੈਂ ਇੱਕ ਬਹੁਤ ਵਧੀਆ ਸੁਣਨ ਵਾਲਾ ਹਾਂ ਅਤੇ ਸਕੂਲ ਜਾਣਾ ਚਾਹੁੰਦਾ ਹਾਂ। ਮੈਨੂੰ ਹੁਣ ਤੱਕ ਬਣਾਏ ਗਏ ਸਾਰੇ ਨਵੇਂ ਦੋਸਤ ਪਸੰਦ ਹਨ।



## ਮਿਸ ਇਨੇਸ

ਮੈਂ ਇਸ ਰਿਸੈਪਸ਼ਨ ਸੈਂਟਰ ਵਿੱਚ ਕੰਮ ਕਰਨ ਵਾਲੀ ਇੱਕ ਸਰਪ੍ਰਸਤ ਹਾਂ। ਮੈਂ ਅਸਾਇਲਮ ਮੰਗਣ ਵਾਲੇ ਸਾਰੇ ਬੱਚਿਆਂ ਅਤੇ ਨੌਜਵਾਨਾਂ ਦੀ ਜਿੰਨਾ ਹੋ ਸਕੇ ਸਹਾਇਤਾ ਕਰਨ ਦੀ ਕੋਸ਼ਿਸ਼ ਕਰਦੀ ਹਾਂ। ਮੈਨੂੰ ਖਾਣਾ ਪਕਾਉਣਾ ਪਸੰਦ ਹੈ ਅਤੇ ਇਹ ਮੈਨੂੰ ਖੁਸ਼ ਕਰਦਾ ਹੈ ਜਦੋਂ ਹਰ ਕੋਈ ਰੁੱਝਿਆ ਅਤੇ ਸਰਗਰਮ ਹੁੰਦਾ ਹੈ। ਕਸਰਤ ਸਾਨੂੰ ਸਾਰਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰੱਖਦੀ ਹੈ।

## ਮਿਸਟਰ ਫਰੈਂਡ




ਮੈਂ ਇੱਕ ਕਾਨੂੰਨੀ ਸਲਾਹਕਾਰ ਹਾਂ, ਜੋ ਕਿ ਇੱਕ ਕਿਸਮ ਦਾ ਵਕੀਲ ਹੈ। ਮੈਂ ਇੱਥੇ ਬਹੁਤ ਸਾਰੇ ਚੰਗੀ ਤਰ੍ਹਾਂ ਸਿਖਲਾਈ ਪ੍ਰਾਪਤ ਸਾਥੀਆਂ ਨਾਲ ਮਿਲ ਕੇ ਕੰਮ ਕਰਦਾ ਹਾਂ।
ਮੈਂ ਸਾਰੇ ਅਸਾਇਲਮ ਮੰਗਣ ਵਾਲਿਆਂ ਨੂੰ ਕਾਨੂੰਨੀ ਮਾਮਲਿਆਂ ਅਤੇ ਉਨ੍ਹਾਂ ਦੀਆਂ ਅਸਾਇਲਮ ਅਰਜ਼ੀਆਂ 'ਤੇ ਜਾਣਕਾਰੀ ਅਤੇ ਮਦਦ ਕਰਦਾ ਹਾਂ। ਮੈਨੂੰ ਇੱਕ ਸੰਦੇਸ਼ ਦੇ ਨਾਲ ਰੰਗੀਨ ਟੀ-ਸ਼ਰਟਾਂ ਪਹਿਨਣਾ ਪਸੰਦ ਹੈ।


ਉਨ੍ਹਾਂ ਸਾਰੇ ਨੌਜਵਾਨ ਅਸਾਇਲਮ ਮੰਗਣ ਵਾਲਿਆਂ ਦਾ ਬਹੁਤ ਧੰਨਵਾਦ ਜਿਨ੍ਹਾਂ ਨੇ ਇਸ ਕਹਾਣੀ ਨੂੰ ਪ੍ਰਕਾਸ਼ਿਤ ਹੋਣ ਤੋਂ ਪਹਿਲਾਂ ਪੜ੍ਹਿਆ ਅਤੇ ਇਸਨੂੰ ਇੰਨੀ ਵਧੀਆ ਢੰਗ ਨਾਲ ਖਤਮ ਕਰਨ ਵਿੱਚ ਮਦਦ ਕੀਤੀ।

ਉਨ੍ਹਾਂ ਨੇ ਮੁੱਖ ਪਾਤਰਾਂ ਦੇ ਨਾਮ ਚੁਣਨ ਵਿੱਚ ਮਦਦ ਵੀ ਕੀਤੀ।

ਮਾਲਟਾ ਅਤੇ ਨੀਦਰਲੈਂਡ ਦੇ ਅਧਿਕਾਰੀਆਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਕਿਸ਼ੋਰਾਂ ਨਾਲ ਚਰਚਾਵਾਂ ਵਿੱਚ ਮਦਦ ਕੀਤੀ।



ਮਿਸ ਇਨੇਸ...
...ਕੀ ਤੁਹਾਡੇ ਕੋਲ ਇਹ ਸਮਝਾਉਣ ਲਈ ਸਮਾਂ ਹੈ ਕਿ 'ਬੱਚੇ ਦੇ ਸਰਵੋਤਮ ਹਿੱਤ' ਦਾ ਕੀ ਮਤਲਬ ਹੈ?
ਬੇਸ਼ੱਕ! ਯਾਦ ਰੱਖੋ, ਇੱਕ ਬੱਚਾ 18 ਸਾਲ ਤੋਂ ਘੱਟ ਉਮਰ ਦਾ ਹੁੰਦਾ ਹੈ।
ਹਾਂ!
ਬੱਚੇ ਦੇ ਸਰਵੋਤਮ ਹਿੱਤਾਂ ਨੂੰ ਧਿਆਨ ਵਿੱਚ ਰੱਖਣ ਦਾ ਮਤਲਬ ਹੈ ਸਭ ਤੋਂ ਵਧੀਆ ਫੈਸਲੇ ਲੈਣਾ ਅਤੇ ਬੱਚੇ ਦੇ ਸੁਰੱਖਿਅਤ, ਖੁਸ਼ ਅਤੇ ਸਿਹਤਮੰਦ ਹੋਣ ਲਈ ਸਭ ਤੋਂ ਵਧੀਆ ਹੱਲ ਲੱਭਣਾ।
ਬਾਲਗ ਜੋ ਬੱਚਿਆਂ ਦੀ ਦੇਖਭਾਲ ਕਰਦੇ ਹਨ, ਜਿਵੇਂ ਕਿ ਮਾਪੇ ਜਾਂ ਇੱਕ ਸਰਪ੍ਰਸਤ, ਹਮੇਸ਼ਾ ਤੁਹਾਨੂੰ ਪਹਿਲਾਂ ਰੱਖਣਾ ਚਾਹੀਦਾ ਹੈ। ਹਰ ਬੱਚਾ ਇੱਕ ਸੁਰੱਖਿਅਤ ਅਤੇ ਸਿਹਤਮੰਦ ਜੀਵਨ, ਭੋਜਨ, ਸਕੂਲ, ਖੇਡਣ ਦਾ ਸਮਾਂ ਅਤੇ ਇੱਕ ਪਿਆਰ ਕਰਨ ਵਾਲਾ ਪਰਿਵਾਰ ਦਾ ਹੱਕਦਾਰ ਹੈ।
ਤੁਹਾਡੀ ਦੇਖਭਾਲ ਕਰਨ ਵਾਲੇ ਲੋਕ, ਜਿਨ੍ਹਾਂ ਵਿੱਚ ਉਹ ਅਥਾਰਿਟੀਜ਼ ਵੀ ਸ਼ਾਮਲ ਹਨ ਜੋ ਤੁਹਾਡੇ ਲਈ ਫੈਸਲੇ ਲੈਂਦੇ ਹਨ, ਨੂੰ ਤੁਹਾਡੀਆਂ ਉਮੀਦਾਂ ਅਤੇ ਡਰਾਂ ਨੂੰ ਵੀ ਸੁਣਨਾ ਚਾਹੀਦੇ ਹਨ।


ਤੁਹਾਡੇ ਵਰਗੇ ਨੌਜਵਾਨ ਜੋ ਯੂਰਪ ਵਿੱਚ ਸ਼ਰਣ ਦੀ ਮੰਗ ਕਰ ਰਹੇ ਹਨ ਅਕਸਰ ਇਕੱਲੇ ਪਹੁੰਚਦੇ ਹਨ ਅਤੇ ਉਨ੍ਹਾਂ ਨੂੰ ਮਦਦ ਦੀ ਲੋੜ ਹੁੰਦੀ ਹੈ।
ਸਰਪ੍ਰਸਤ ਤੁਹਾਡੇ ਪਰਿਵਾਰ ਦੀ ਥਾਂ ਨਹੀਂ ਲੈਂਦਾ, ਪਰ ਜਦੋਂ ਤੁਸੀਂ ਇਕੱਲੇ ਹੁੰਦੇ ਹੋ ਤਾਂ ਤੁਹਾਡੀ ਮਦਦ ਕਰਦਾ ਹੈ। ਅਸੀਂ ਇਹ ਯਕੀਨੀ ਬਣਾਉਂਦੇ ਹਾਂ ਕਿ ਤੁਹਾਡੇ ਸਭ ਤੋਂ ਵਧੀਆ ਹਿੱਤ ਉਦੋਂ ਤੱਕ ਸੁਰੱਖਿਅਤ ਰਹਿਣ ਜਦੋਂ ਤੱਕ ਤੁਹਾਨੂੰ ਮਦਦ ਦੀ ਲੋੜ ਨਾ ਹੋਵੇ।
...ਪਰ ਕੀ ਹੋਵੇਗਾ ਜੇਕਰ ਕੋਈ ਬੱਚਾ ਪਰਿਵਾਰਕ ਮੈਂਬਰਾਂ ਨਾਲ ਆਉਂਦਾ ਹੈ?
ਹਰ ਬੱਚੇ ਦੇ ਸਭ ਤੋਂ ਵਧੀਆ ਹਿੱਤ ਮਾਇਨੇ ਰੱਖਦੇ ਹਨ। ਜੋ ਵੀ ਬਾਲਗ ਬੱਚੇ ਦੀ ਦੇਖਭਾਲ ਕਰਦਾ ਹੈ, ਉਹ ਹਮੇਸ਼ਾ ਇਹ ਸੋਚੇ ਕਿ ਬੱਚੇ ਲਈ ਸਭ ਤੋਂ ਵਧੀਆ ਕੀ ਹੈ। ਪਰ ... ਇਹ ਹਮੇਸ਼ਾ ਆਸਾਨ ਨਹੀਂ ਹੁੰਦਾ। ਕਈ ਵਾਰ ਦੇਖਭਾਲ ਕਰਨ ਵਾਲੇ ਸੰਘਰਸ਼ ਕਰਦੇ ਹਨ। ਇੱਥੇ ਸਮਾਜਿਕ ਵਰਕਰ ਉਨ੍ਹਾਂ ਨੂੰ ਸਲਾਹ ਦੇ ਸਕਦੇ ਹਨ।
ਜੇਕਰ ਤੁਹਾਡਾ ਪਰਿਵਾਰ ਬਹੁਤ ਜ਼ਿਆਦਾ ਪਰੇਸ਼ਾਨ ਹੈ ਜਾਂ ਉਹ ਤੁਹਾਡੀ ਦੇਖਭਾਲ ਨਹੀਂ ਕਰ ਰਹੇ ਹਨ ਜਿਵੇਂ ਕਿ ਉਹਨਾਂ ਨੂੰ ਕਰਨਾ ਚਾਹੀਦਾ ਹੈ, ਤਾਂ ਤੁਸੀਂ ਇੱਕ ਸੋਸਲ ਵਰਕਰ ਨਾਲ ਵੀ ਗੱਲ ਕਰ ਸਕਦੇ ਹੋ। ਇਹ ਸਾਰੀਆਂ ਗੱਲਬਾਤਾਂ ਨਿੱਜੀ ਰੱਖੀਆਂ ਜਾਣਗੀਆਂ!


ਤੁਸੀਂ ਆਪਣੇ ਸਾਰੇ ਵਿਚਾਰ ਅਤੇ ਭਾਵਨਾਵਾਂ ਆਪਣੇ ਸਰਪ੍ਰਸਤ ਨਾਲ ਸਾਂਝੀਆਂ ਕਰ ਸਕਦੇ ਹੋ।
ਨਾਲ ਹੀ... ਅਥਾਰਿਟੀਜ਼ ਨੂੰ ਅਜਿਹੇ ਫੈਸਲੇ ਲੈਣੇ ਪੈ ਸਕਦੇ ਹਨ ਜੋ ਤੁਹਾਡੇ ਜੀਵਨ ਨੂੰ ਪ੍ਰਭਾਵਤ ਕਰਨਗੇ। ਇਸ ਲਈ ਸਰਪ੍ਰਸਤ ਅਥਾਰਿਟੀਆਂ ਨਾਲ ਗੱਲਬਾਤ ਵਿੱਚ ਤੁਹਾਡੀ ਮਦਦ ਕਰੇਗਾ, ਤਾਂ ਜੋ ਤੁਹਾਡੀ ਗੱਲ ਸੁਣੀ ਜਾਵੇ।
ਕੀ ਤੁਸੀਂ ਮੈਨੂੰ ਇੱਕ ਅਜਿਹੇ ਫੈਸਲੇ ਦੀ ਉਦਾਹਰਣ ਦੇ ਸਕਦੇ ਹੋ ਜਿਸਦੀ ਉਹਨਾਂ ਨੂੰ ਲੋੜ ਹੈ?
ਬਿਲਕੁਲ। ਫੈਸਲੇ ਇਸ ਬਾਰੇ ਹੋ ਸਕਦੇ ਹਨ ਕਿ ਤੁਹਾਨੂੰ ਕਿਹੜੀ ਡਾਕਟਰੀ ਦੇਖਭਾਲ ਮਿਲੇ, ਤੁਸੀਂ ਕਿਥੇ ਅਤੇ ਕਿਸ ਨਾਲ ਰਹੋ।
ਪਰ ਮੈਨੂੰ ਲੱਗਦਾ ਹੈ ਕਿ ਮੈਂ ਆਪਣੇ ਲਈ ਫੈਸਲਾ ਲੈਣ ਲਈ ਕਾਫ਼ੀ ਵੱਡੀ ਹੋ ਗਈ/ਗਿਆ ਹਾਂ! ਮੈਂ ਆਪਣੇ ਦਾਦਾ ਜੀ ਨਾਲ ਰਹਿਣਾ ਚਾਹੀਦਾ/ਚਾਹੁੰਦੀ ਹਾਂ ਜਿਸਨੂੰ ਮੈਂ ਆਪਣੀ ਯਾਤਰਾ ਦੌਰਾਨ ਗੁਆ ਦਿੱਤਾ ਸੀ।
ਮੈਂ ਸਮਝਦਾ/ਸਮਝਦੀ ਹਾਂ। ਤੁਸੀਂ ਦੇਖੋ, ਸਰਪ੍ਰਸਤ ਤੁਹਾਡੀ ਗੱਲ ਸੁਣਦੇ ਹਨ।



ਉਹ ਤੁਹਾਡੀ ਰਾਏ ਨੂੰ ਗੰਭੀਰਤਾ ਨਾਲ ਲੈਂਦੇ ਹਨ ਅਤੇ ਅਥਾਰਿਟੀਜ਼ ਨੂੰ ਤੁਹਾਡੀ ਨਿੱਜੀ ਸਥਿਤੀ ਨੂੰ ਸਮਝਣ ਵਿੱਚ ਮਦਦ ਕਰਦੇ ਹਨ ... ਅਤੇ ਇਹ ਫੈਸਲਾ ਕਰਦੇ ਹਨ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ।
ਉਹ ਇਸ ਨੂੰ ਕਿਵੇਂ ਕਰਦੇ ਹਨ...?
ਸਿਖਲਾਈ ਪ੍ਰਾਪਤ ਅਫ਼ਸਰ ਤੁਹਾਡੀ ਸਥਿਤੀ ਸਮਝਣ ਲਈ ਤੁਹਾਨੂੰ ਸਵਾਲ ਪੁੱਛਣਗੇ।
ਤੁਹਾਡੇ ਜਵਾਬ ਉਨ੍ਹਾਂ ਨੂੰ ਇਹ ਫੈਸਲਾ ਕਰਨ ਵਿੱਚ ਮਦਦ ਕਰਨਗੇ ਕਿ ਤੁਹਾਡੇ ਲਈ ਸਭ ਤੋਂ ਵਧੀਆ ਕੀ ਹੈ। ਤੁਹਾਡੇ ਮਾਮਲੇ ਵਿੱਚ, ਅਹਿਮਦ, ਅਥਾਰਿਟੀਜ਼ ਪਹਿਲਾਂ ਜਾਂਚ ਕਰਨਗੇ ਕਿ ਕੀ ਤੁਹਾਡੇ ਦਾਦਾ ਜੀ...
... ਤੁਹਾਡੀ ਦੇਖਭਾਲ ਕਰਨ ਲਈ ਕਾਫ਼ੀ ਸਿਹਤਮੰਦ ਅਤੇ ਮਜ਼ਬੂਤ ਹੈ...
... ਇੱਕ ਸੁਰੱਖਿਅਤ ਜਗ੍ਹਾ 'ਤੇ ਰਹਿੰਦਾ ਹੈ...
... ਤੁਹਾਨੂੰ ਭੋਜਨ, ਕੱਪੜੇ ਅਤੇ ਸਿੱਖਿਆ ਪ੍ਰਦਾਨ ਕਰ ਸਕਦਾ ਹੈ...
... ਅਤੇ ਉਸ ਨੇ ਪਹਿਲੇ ਤੁਹਾਡੇ ਨਾਲ ਚੰਗਾ ਵਿਵਹਾਰ ਕੀਤਾ ਹੈ।


ਸੱਚ ਹੈ... ਇਹ ਸਭ ਮਹੱਤਵਪੂਰਨ ਹੈ!
ਹਾਂ... ਇਹ ਬਾਅਦ ਵਿੱਚ ਸਮੱਸਿਆਵਾਂ ਤੋਂ ਬਚਾਉਂਦਾ ਹੈ। ਕਈ ਵਾਰ, ਇੱਕ ਬੱਚਾ ਕਿਸੇ ਵੀ ਸਮੇਂ ਕੀ ਚਾਹੁੰਦਾ ਹੈ ਉਹ ਉਨ੍ਹਾਂ ਦੇ ਹਿੱਤ ਵਿੱਚ ਨਹੀਂ ਹੋ ਸਕਦਾ।
ਮੈਂ ਸਮਝਦਾ/ਸਮਝਦੀ ਹਾਂ... ਅਥਾਰਿਟੀਜ਼ ਇਸਨੂੰ ਸਹੀ ਕਰਨਾ ਚਾਹੁੰਦੇ ਹਨ...
ਬਿਲਕੁਲ!
ਹੁਣ ਮੈਂ ਸਮਝਦਾ ਹਾਂ ਉਨ੍ਹਾਂ ਨੇ ਮੇਰੇ ਦਾਦਾ ਜੀ ਬਾਰੇ ਇੰਨੇ ਸਾਰੇ ਸਵਾਲ ਕਿਉਂ ਪੁੱਛੇ...
ਹਾਂ, ਖਾਸ ਸਵਾਲ ਪੁੱਛਣਾ, ਖਾਸ ਕਰਕੇ ਜਦੋਂ ਮਹੱਤਵਪੂਰਨ ਫੈਸਲੇ ਲੈਣ ਦੀ ਲੋੜ ਹੁੰਦੀ ਹੈ, ਨੂੰ ਸਰਵੋਤਮ ਹਿੱਤ ਦਾ ਮੁਲਾਂਕਣ ਕਿਹਾ ਜਾਂਦਾ ਹੈ।


ਜਿੰਨਾ ਹੋ ਸਕੇ ਸਾਂਝਾ ਕਰੋ।
ਯਾਦ ਰੱਖੋ, ਇਹ ਮੁਲਾਂਕਣ ਵੱਖ-ਵੱਖ ਸਮੇਂ 'ਤੇ, ਇੱਕ ਤੋਂ ਵੱਧ ਮੀਟਿੰਗਾਂ ਵਿੱਚ ਅਤੇ ਵੱਖ-ਵੱਖ ਕਾਰਨਾਂ ਕਰਕੇ ਹੋ ਸਕਦਾ ਹੈ। ਤੁਹਾਡੇ ਮਾਮਲੇ ਵਿੱਚ, ਤੁਹਾਨੂੰ ਤੁਹਾਡੇ ਪਰਿਵਾਰਕ ਮੈਂਬਰ ਨਾਲ ਜੋੜਨ ਲਈ, ਜਿਸਨੂੰ ਪਰਿਵਾਰਕ ਪੁਨਰ-ਏਕੀਕਰਨ ਵੀ ਕਿਹਾ ਜਾਂਦਾ ਹੈ....
... ਜੋ ਕਿ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਲਿਆਉਣ ਦੀ ਪ੍ਰਕਿਰਿਆ ਹੈ ਜੋ ਵੱਖ ਹੋ ਗਏ ਸਨ। ਕੀ ਤੁਸੀਂ ਇੱਕ ਹੋਰ ਉਦਾਹਰਣ ਬਾਰੇ ਸੋਚ ਸਕਦੇ ਹੋ?
... ਜਦੋਂ ਕੋਈ ਬੱਚਾ ਅਜਿਹੀ ਜਗ੍ਹਾ 'ਤੇ ਰਹਿੰਦਾ ਹੈ ਜੋ ਸੁਰੱਖਿਅਤ ਨਹੀਂ ਹੈ।
ਬਿਲਕੁਲ!
'ਸੁਰੱਖਿਅਤ ਨਹੀਂ' ਤੋਂ ਤੁਹਾਡਾ ਕੀ ਮਤਲਬ ਹੈ?
ਬਦਕਿਸਮਤੀ ਨਾਲ, ਸਾਰੇ ਬੱਚੇ ਸੁਰੱਖਿਅਤ ਨਹੀਂ ਹੁੰਦੇ, ਖਾਸ ਕਰਕੇ ਜਦੋਂ ਉਹ ਇਕੱਲੇ ਪਹੁੰਚਦੇ ਹਨ।


ਕੁਝ ਲੋਕ ਦਿਆਲੂ ਹੋਣ ਦਾ ਦਿਖਾਵਾ ਕਰ ਸਕਦੇ ਹਨ ਅਤੇ ਫਿਰ ਬੁਰਾ ਵਿਵਹਾਰ ਕਰ ਸਕਦੇ ਹਨ ਜਾਂ ਤੁਹਾਡੀ ਇਕੱਲੇਪਣ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਸਕਦੇ ਹਨ।
ਕਈ ਵਾਰ, ਪਰਿਵਾਰ ਦੇ ਮੈਂਬਰ ਵੀ ਤੁਹਾਡੇ ਨਾਲ ਬੁਰਾ ਵਿਵਹਾਰ ਕਰ ਸਕਦੇ ਹਨ।
ਇਹ ਮਹੱਤਵਪੂਰਨ ਹੈ ਕਿ ਤੁਸੀਂ ਇਨ੍ਹਾਂ ਗੱਲਾਂ ਨੂੰ ਅਫ਼ਸਰਾਂ ਨਾਲ ਸਾਂਝਾ ਕਰੋ, ਤਾਂ ਕਿ ਉਹ ਤੁਹਾਡੀ ਮਦਦ ਕਰ ਸਕਣ।
ਜਿਸ ਅਫ਼ਸਰ ਨੇ ਮੈਨੂੰ ਸਵਾਲ ਪੁੱਛੇ ਉਹ ਬਹੁਤ ਦਿਆਲੂ ਸੀ...
ਹਾਂ, ਅਕਸਰ ਉਹ ਸੋਸ਼ਲ ਵਰਕਰ ਜਾਂ ਬਾਲ ਮਨੋਵਿਗਿਆਨੀ ਹੁੰਦੇ ਹਨ।
ਇਹ ਦਿਲਚਸਪ ਅਤੇ ਮਦਦਗਾਰ ਸੀ। ਬਹੁਤ ਧੰਨਵਾਦ!
ਤੁਹਾਡਾ ਸਵਾਗਤ ਹੈ! ਸਵਾਲ ਪੁੱਛਣਾ ਕਦੇ ਬੰਦ ਨਾ ਕਰੋ!

# ਮਹੱਤਵਪੂਰਨ

**ਇਸ ਦੇਸ਼ ਵੱਿਚ ...**

ਇੱਥੇ ਰਹਣਿ ਲਈ ਸੁਰੱਖਅਿਤ ਜਗ੍ਹਾ ਪ੍ਰਦਾਨ ਕਰਨ ਵਾਲੀ ਅਥਾਰਟੀ, ਜਸਿਨੂੰ **ਰਸਿੈਪਸ਼ਨ** ਵੀ ਕਹਿਾ ਜਾਂਦਾ ਹੈ, ਇਹ ਹੈ:

________________________________________________________________________________________________

**ਜੇ ਮੈਂ ਇਹਨਾਂ ਬਾਰੇ ਹੋਰ ਜਾਣਨਾ ਚਾਹੁੰਦਾ ਹਾਂ:**

- ਆਮ ਲਾਭ ਜੋ ਮੈਨੂੰ ਦੱਿਤੇ ਜਾ ਸਕਦੇ ਹਨ, ਜਵਿੇਂ ਕਿ ਕੱਪੜੇ ਜਾਂ ਸਫਾਈ ਉਤਪਾਦ, ਮੈਂ ਸੰਪਰਕ ਕਰ ਸਕਦਾ ਹਾਂ ਜਾਂ ਇੱਥੇ ਜਾ ਸਕਦਾ ਹਾਂ:
  ________________________________________________________________________________________
- ਜਦੋਂ ਮੈਂ ਬਮਿਾਰ ਮਹਸਿੂਸ ਸਕਦਾ/ਸਕਦੀ ਹਾਂ ਤਾਂ ਕੀ ਕਰਨਾ ਹੈ, ਮੈਂ ਸੰਪਰਕ ਕਰ ਸਕਦਾ/ਸਕਦੀ ਹਾਂ: ____________________
  ________________________________________________________________________________________
  ________________________________________________________________________________________
- ਸਕੂਲ ਕਵਿੇਂ ਜਾਣਾ ਹੈ, ਕੋਈ ਹੁਨਰ ਜਾਂ ਸਥਾਨਕ ਭਾਸ਼ਾ ਕਵਿੇਂ ਸੱਿਖਣੀ ਹੈ, ਮੈਂ ਸੰਪਰਕ ਕਰ ਸਕਦਾ/ਸਕਦੀ ਹਾਂ: ________________
  ________________________________________________________________________________________
  ________________________________________________________________________________________

ਮੇਰੀ **ਅਸਾਇਲਮ ਅਰਜ਼ੀ** 'ਤੇ ਕੰਮ ਕਰਨ ਲਈ ਜ਼ੰਿਮੇਵਾਰ ਅਥਾਰਟੀ ਹੈ: ______________________________________________
________________________________________________________________________________________________

ਮੇਰੇ ਸਰਪ੍ਰਸਤ ਦਾ ਨਾਮ ਹੈ: ___________________________________________________________________________
________________________________________________________________________________________________

ਜੇਕਰ ਮੈਂ **ਸਰਵੋਤਮ ਹੱਿਤਾਂ ਦੇ ਮੁਲਾਂਕਣ** ਬਾਰੇ ਹੋਰ ਜਾਣਨ ਵੱਿਚ ਦਲਿਚਸਪੀ ਰੱਖਦਾ ਹਾਂ, ਇਹ ਕਦੋਂ ਹੁੰਦਾ ਹੈ ਅਤੇ ਮੇਰੇ ਦੁਆਰਾ ਸਾਂਝੀ ਕੀਤੀ ਗਈ ਜਾਣਕਾਰੀ ਨਾਲ ਕੀ ਹੁੰਦਾ ਹੈ, ਤਾਂ ਮੈਂ ਆਪਣੇ ਸਰਪ੍ਰਸਤ ਨਾਲ ਗੱਲ ਕਰ ਸਕਦਾ ਹਾਂ ਜਾਂ ਜਾਂਚ ਕਰ ਸਕਦਾ ਹਾਂ:

________________________________________________________________________________________________
________________________________________________________________________________________________
________________________________________________________________________________________________

# ਮਹੱਤਵਪੂਰਨ

**ਇਸ ਦੇਸ਼ ਵਿੱਚ ...**

ਮੈਂ ਅਸਾਇਲਮ ਪ੍ਰਕਰਿਆਿ ਅਤੇ ਸੰਬੰਧਤਿ ਵਸ਼ਿਆਿਂ ਬਾਰੇ ਹੋਰ ਜਾਣਨ ਲਈ ਮੁਫ਼ਤ ਵਿੱਚ ਇੱਕ ਕਾਨੂੰਨੀ ਸਲਾਹਕਾਰ ਨਾਲ ਵੀ ਸੰਪਰਕ ਕਰ ਸਕਦਾ ਹਾਂ। ਇਸ ਲਈ, ਮੈਂ ਸੰਪਰਕ ਕਰ ਸਕਦਾ ਹਾਂ: ____________________

____________________

ਜੇ ਇੱਥੇ ਕੰਮ ਕਰਨ ਵਾਲਾ ਕੋਈ ਵੀ ਵਅਿਕਤੀ, ਜਵਿੇਂ ਕ ਿਅਫ਼ਸਰ, ਕਾਨੂੰਨੀ ਸਲਾਹਕਾਰ, ਸੋਸ਼ਲ ਵਰਕਰ ਜਾਂ ਮੇਰਾ ਸਰਪ੍ਰਸਤ, ਮੇਰੇ ਨਾਲ ਬੁਰਾ ਵਵਿਹਾਰ ਕਰਦਾ ਹੈ, ਤਾਂ ਮੈਂ ਸ਼ਕਿਾਇਤ ਕਰ ਸਕਦਾ ਹਾਂ ਅਤੇ ਸੰਪਰਕ ਕਰ ਸਕਦਾ ਹਾਂ: ____________________

____________________

____________________

ਐਮਰਜੈਂਸੀ ਦੀ ਸਥਤਿੀ ਵਿੱਚ, ਮੈਂ ਐਂਬੂਲੈਂਸ ਨਾਲ ____________________ ਜਾਂ ਪੁਲਸਿ ਨਾਲ ____________________ 'ਤੇ ਸੰਪਰਕ ਕਰ ਸਕਦਾ ਹਾਂ

ਹੋਰ ਮਹੱਤਵਪੂਰਨ ਜਾਣਕਾਰੀ: ____________________

____________________

____________________

____________________

____________________

# ਪ੍ਰਸ਼ਨਾਵਲੀ

**ਮੈਂ ਸਰਵੋਤਮ ਹੱਿਤਾਂ ਦੇ ਮੁਲਾਂਕਣ ਬਾਰੇ ਜੋ ਸੱਿਖਆ ਹੈ ਉਸ ਬਾਰੇ ਆਪਣੇ ਜਾਣਕਾਰੀ ਦੀ ਜਾਂਚ ਕਰ ਰਿਹਾ ਹਾਂ।**

✓ ਸਹੀ ਜਵਾਬਾਂ 'ਤੇ ਨਸ਼ਾਿਨ ਲਗਾਓ।

**1** ਬੱਚੇ ਦੇ ਸਰਵੋਤਮ ਹੱਿਤਾਂ ਨੂੰ ਧਆਿਨ ਵੱਿਚ ਰੱਖਣ ਦਾ ਮਤਲਬ ਹੈ...

- ◯ a. ਅਥਾਰਟੀਜ਼ ਮੇਰੀਆਂ ਭਾਵਨਾਵਾਂ, ਜ਼ਰੂਰਤਾਂ ਅਤੇ ਵਚਿਾਰਾਂ ਨੂੰ ਸਮਝਣ ਲਈ ਮੇਰੀ ਅਤੇ ਮੇਰੇ ਸਰਪ੍ਰਸਤ ਦੀ ਗੱਲ ਸੁਣਦੇ ਹਨ, ਤਾਂ ਜੋ ਉਹ ਮੇਰੇ ਲਈ ਸਭ ਤੋਂ ਵਧੀਆ ਫੈਸਲੇ ਲੈ ਸਕਣ।
- ◯ b. ਕੋਈ ਵੀ ਮੇਰੀ ਗੱਲ ਨਹੀ ਸੁਣੇਗਾ।

---

**2** ਮੇਰੀਆਂ ਜ਼ਰੂਰਤਾਂ ਅਤੇ ਕਸਿ ਖਾਸ ਸਥਤਿੀ ਵੱਿਚ ਮੇਰੇ ਲਈ ਕੀ ਸਭ ਤੋਂ ਵਧੀਆ ਹੈ ਬਾਰੇ ਜਾਣਨ ਲਈ, ਅਥਾਰਟੀਜ਼ ਮੈਨੂੰ ਸਰਵੋਤਮ ਹੱਿਤਾਂ ਦੇ ਮੁਲਾਂਕਣ ਦੌਰਾਨ ਸਵਾਲ ਪੁੱਛਣਗੇ।

- ◯ a. ਸਹੀ
- ◯ b. ਗਲਤ

---

**3** ਅਥਾਰਟੀਜ਼ ਸਰਵੋਤਮ ਹੱਿਤਾਂ ਦਾ ਮੁਲਾਂਕਣ ਕਉਿਂ ਕਰਦੇ ਹਨ?

- ◯ a. ਜਦੋਂ ਵੱਡੇ ਫੈਸਲੇ ਲੈਣ ਦੀ ਲੋੜ ਹੁੰਦੀ ਹੈ, ਜਵਿੇਂ ਕਿ ਮੈਨੂੰ ਕੱਿਥੇ ਰਹਣਿਾ ਚਾਹੀਦਾ ਹੈ ਅਤੇ ਕਸਿ ਨਾਲ ਰਹਣਿਾ ਚਾਹੀਦਾ ਹੈ, ਤਾਂ ਮੇਰੇ ਲਈ ਸਭ ਤੋਂ ਵਧੀਆ ਹੱਲ ਲੱਭਣਾ।
- ◯ b. ਕਉਿਂਕਿ ਉਹ ਗੱਲਬਾਤ ਕਰਨਾ ਪਸੰਦ ਕਰਦੇ ਹਨ।

---

**4** ਬੱਚੇ ਦੇ ਸਰਵੋਤਮ ਹੱਿਤ ਸਰਿਫ਼ ਉਨ੍ਹਾਂ ਬੱਚਆਿਂ ਲਈ ਢੁਕਵੇਂ ਹਨ ਜੋ ਮਾਪਆਿਂ ਤੋਂ ਬਨਿਾਂ ਆਉਂਦੇ ਹਨ।

- ◯ a. ਸਹੀ
- ◯ b. ਗਲਤ

---

**5** ਜਿੱਥੇ ਮੈਂ ਰਹਿੰਦਾ ਹਾਂ, ਉੱਥੇ ਕੰਮ ਕਰਨ ਵਾਲੇ ਅਫ਼ਸਰ ਨਯਿਮਤਿ ਤੌਰ 'ਤੇ ਮੇਰੇ ਅਤੇ ਮੇਰੇ ਸਰਪ੍ਰਸਤ ਤੋਂ ਪਤਾ ਕਰਨਗੇ ਕਿ ਮੈਨੂੰ ਕੋਈ ਨਵੀ ਜ਼ਰੂਰਤ ਤਾਂ ਨਹੀ ਹੈ।

- ◯ a. ਸਹੀ
- ◯ b. ਗਲਤ

## ਪ੍ਰਸ਼ਨਾਵਲੀ ਦੇ ਜਵਾਬ

ਸਵਾਲ 1: a ਸਵਾਲ 2: a ਸਵਾਲ 3: a ਸਵਾਲ 4: b ਸਵਾਲ 5: a

# ਨੋਟਸ

# ਨੋਟਸ

**PUNJABI**

ਇਹ ਪੁਸਤਿਕਾ ਸਿਰਫ਼ ਜਾਣਕਾਰੀ ਦੇਣ ਲਈ ਹੈ। ਇਹ ਆਪਣੇ ਆਪ ਵਿੱਚ ਕੋਈ ਅਧਿਕਾਰ ਜਾਂ ਜ਼ਿੰਮੇਵਾਰੀ ਪੈਦਾ ਨਹੀਂ ਕਰਦੀ। ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ (EUAA) ਨੇ ਇਸ ਸਮੱਗਰੀ ਦਾ ਮੁੱਖ ਭਾਗ ਪ੍ਰਦਾਨ ਕੀਤਾ ਹੈ, ਅਤੇ ਇਸ ਪੁਸਤਿਕਾ ਦੀ ਪ੍ਰਤੀ ਬਣਾਉਣ ਅਤੇ ਸੋਧ EUAA ਦੁਆਰਾ ਸਿਰਫ਼ EU ਮੈਂਬਰ ਰਾਜਾਂ ਹੀ ਅਧਿਕਾਰਤ ਹਨ। EUAA ਇਸ ਪੁਸਤਿਕਾ ਵਿੱਚ EU ਮੈਂਬਰ ਰਾਜਾਂ ਜਾਂ ਕਿਸੇ ਹੋਰ ਜ਼ਿੰਮੇਵਾਰ ਤੀਜੀ ਪੱਖ ਦੁਆਰਾ ਦਿੱਤੀ ਜਾਣਕਾਰੀ ਦੀ ਸ਼ੁੱਧਤਾ, ਸਮੱਗਰੀ, ਪੂਰਨਤਾ, ਕਾਨੂੰਨੀਤਾ ਜਾਂ ਭਰੋਸੇਯੋਗਤਾ ਲਈ ਕੋਈ ਜ਼ਿੰਮੇਵਾਰੀ ਜਾਂ ਦੇਣਦਾਰੀ ਨਹੀਂ ਲੈਂਦਾ। ਇਸ ਪੁਸਤਿਕਾ ਵਿੱਚ ਦਿੱਤੀ ਗਈ ਜਾਣਕਾਰੀ ਦੀ ਵਰਤੋਂ ਲਈ ਨਾ ਤਾਂ EUAA ਅਤੇ ਨਾ ਹੀ EUAA ਵੱਲੋਂ ਕੰਮ ਕਰਨ ਵਾਲਾ ਕੋਈ ਵੀ ਵਿਅਕਤੀ ਜ਼ਿੰਮੇਵਾਰ ਹੈ।

© ਯੂਰਪੀਅਨ ਯੂਨੀਅਨ ਏਜੰਸੀ ਫਾਰ ਅਸਾਇਲਮ, 2025

